# ਪੰਜਾਬ ਵਿਧਾਨ ਸਭਾ ਸਕੱਤਰੇਤ

ਬੁੱਧਵਾਰ, ਮਿਤੀ 03 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।

## ਨਾਭਾ ਅਤੇ ਅਮਲੋਹ ਦੇ ਨੇਚਰ ਪਾਰਕਾਂ ਦੀ ਮੌਜੂਦਾ ਸਥਿਤੀ

*3148. **ਸਰਦਾਰ ਰਣਦੀਪ ਸਿੰਘ,ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਨਾਭਾ ਅਤੇ ਅਮਲੋਹ ਵਿੱਖੇ ਵਿਕਸਿਤ ਕੀਤੇ ਜਾ ਰਹੇ ਨੇਚਰ ਪਾਰਕਾਂ ਦੀ ਮੌਜੂਦਾ ਸਥਿਤੀ ਕੀ ਹੈ;

ਅ) ਉਕਤ ਪ੍ਰਾਜੈਕਟਾਂ ਉਪਰ ਹਰ ਇਕ ਤੇ ਹੁਣ ਤੱਕ ਕੀਤੇ ਗਏ ਖਰਚੇ ਦੇ ਵੇਰਵੇ ਕੀ ਹਨ?

## ਪ੍ਰਾਈਵੇਟ ਫਾਰੈਸਟਿੰਗ ਨੂੰ ਉਤਸਾਹਿਤ ਕਰਨ ਲਈ ਪਾਲਿਸੀ ਬਣਾਉਣਾ

*3072. **ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.**:- ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਰਾਜ ਵਿੱਚ ਪ੍ਰਾਈਵੇਟ ਫਾਰੈਸਟਿੰਗ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਦੁਆਰਾ ਕੋਈ ਪਾਲਿਸੀ ਬਣਾਈ ਗਈ ਹੈ;

ਅ) ਸਾਲ 2019-20 ਦੇ ਦੌਰਾਨ ਉਕਤ ਪਾਲਿਸੀ ਅਧੀਨ ਕਾਸ਼ਤਕਾਰਾਂ ਨੂੰ ਕਿੰਨੇ ਕਿੰਨੇ ਪੋਦੇ ਵੰਡੇ ਗਏ ਅਤੇ ਇਸ ਪਾਲਿਸੀ ਅਧੀਨ ਵਿਭਾਗ ਦੁਆਰਾ ਕਿੰਨਾਂ ਖਰਚਾ ਕੀਤਾ ਗਿਆ?

## ਚੱਬੇਵਾਲ ਦੇ ਵੈਟਰਨਰੀ ਹਸਪਤਾਲਾਂ ਵਿਚ ਡਾਕਟਰਾਂ ਦੀਆਂ ਅਸਾਮੀਆਂ

*3170. **ਡਾਕਟਰ ਰਾਜ ਕੁਮਾਰ ਚੱਬੇਵਾਲ, ਐਮ.ਐਲ.ਏ.**:- ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਚੱਬੇਵਾਲ ਹਲਕੇ ਦੇ ਵੈਟਰਨਰੀ ਹਸਪਤਾਲਾਂ ਵਿੱਚ ਵੈਟਰਨਰੀ ਡਾਕਟਰਾਂ ਦੀਆਂ ਮਨਜ਼ੂਰ ਕੀਤੀਆਂ ਕੁੱਲ ਅਸਾਮੀਆਂ ਕਿੰਨੀਆਂ ਹਨ;

ਅ) ਮੌਜੂਦਾ ਸਮੇਂ ਵਿੱਚ ਕੰਮ ਕਰ ਰਹੇ ਵੈਟਰਨਰੀ ਡਾਕਟਰਾਂ ਦੀ ਕੁੱਲ ਗਿਣਤੀ ਕਿੰਨੀ ਹੈ ਅਤੇ ਖਾਲੀ ਪਈਆਂ ਅਸਾਮੀਆਂ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

## ਘਨੌਰ ਵਿਖੇ ਆਈ.ਟੀ.ਆਈ ਕਾਲਜ ਖੋਲ੍ਹਣਾ

*3159. **ਸ਼੍ਰੀ ਮਦਨ ਲਾਲ ਜਲਾਲਪੁਰ,ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਘਨੌਰ ਵਿਖੇ ਆਈ.ਟੀ.ਆਈ. ਖੋਲ੍ਹਣ ਲਈ ਬੱਜਟ 2021-2022 ਦੌਰਾਨ ਫ਼ੰਡਜ ਦਾ ਪ੍ਰਬੰਧ ਕਰਨ ਦਾ ਵਿਚਾਰ ਰੱਖਦੀ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਨੂੰ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

## ਸਮੁਚੇ ਪੰਜਾਬ ਨੂੰ ਓਪਨ ਡੈਫੀਕੇਸ਼ਨ ਫਰੀ ਘੋਸ਼ਿਤ ਕਰਨਾ

*3068. **ਸ਼੍ਰੀ ਅਮਨ ਅਰੋੜਾ, ਐਮ.ਐਲ.ਏ.** :- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਰਾਜ ਦੇ ਕਿੰਨੇ ਜ਼ਿਲ੍ਹੇ/ਬਲਾਕ/ਪਿੰਡ ਓਪਨ ਡੈਫੀਕੇਸ਼ਨ ਫਰੀ (ਓ.ਡੀ.ਐਫ.) ਹਨ;

ਅ) ਕੀ ਸਾਲ 2017-18, 2018-19, 2019-20 ਅਤੇ 2020-21 ਵਿੱਚ ਸਮੁੱਚੇ ਪੰਜਾਬ ਨੂੰ ਓ.ਡੀ.ਐਫ. ਘੋਸ਼ਿਤ ਕਰਨ ਲਈ ਕਿੰਨੇ ਟਾਇਲਟ ਬਣਾਉਣ ਲਈ ਕਿੰਨਾ ਪੈਸਾ ਖਰਚਿਆ ਗਿਆ ਹੈ;

ੲ) ਕੀ ਇਹ ਸਾਰਾ ਪੈਸਾ ਪੰਜਾਬ ਸਰਕਾਰ ਜਾਂ ਕੇਂਦਰ ਸਰਕਾਰ ਵੱਲੋਂ ਮੁਹੱਈਆ ਕਰਵਾਇਆ ਗਿਆ ਹੈ;

ਸ) ਓ.ਡੀ.ਐਫ. ਘੋਸ਼ਿਤ ਕਰਨ ਲਈ ਕੀ ਪ੍ਰੀਕਿਰਿਆ ਅਖਤਿਆਰ ਕੀਤੀ ਜਾਂਦੀ ਹੈ?

## ਰਾਜ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਸਜ਼ਾ ਪੂਰੀ ਕਰ ਚੁੱਕੇ ਵਿਅਕਤੀਆਂ ਨੂੰ ਬੰਦ ਕਰਕੇ ਰੱਖਣਾ

*2930. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.**:- ਕੀ ਜੇਲ੍ਹ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਕੁਝ ਅਜਿਹੇ ਵਿਅਕਤੀ ਜੋ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਉਨ੍ਹਾਂ ਨੂੰ ਸਰਕਾਰ ਨੇ ਰਾਜ ਦੀਆਂ ਵੱਖ ਵੱਖ ਜੇਲ੍ਹਾਂ ਅੰਦਰ ਅਜੇ ਵੀ ਬੰਦ ਕਰਕੇ ਰੱਖਿਆ ਹੋਇਆ ਹੈ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਅਜਿਹੇ ਸਿੱਖ ਅਤੇ ਹੋਰ ਕੈਦੀਆਂ ਦੀ ਗਿਣਤੀ ਕਿੰਨੀ-ਕਿੰਨੀ ਹੈ ਅਤੇ ਇਨ੍ਹਾਂ ਦੀਆਂ ਸਜ਼ਾਵਾਂ ਕਦੋਂ ਕਦੋਂ ਤੋਂ ਖਤਮ ਹੋ ਚੁੱਕੀਆਂ ਹਨ;

ੲ) ਕੀ ਸਰਕਾਰ ਅਜਿਹੇ ਕੈਦੀਆਂ ਨੂੰ ਛੱਡਣ ਤੇ ਵਿਚਾਰ ਕਰਨ ਲਈ ਤਿਆਰ ਹੈ; ਜੇਕਰ ਹੈ ਤਾਂ ਕਦੋਂ; ਵੇਰਵੇ ਸਹਿਤ ਦੱਸਿਆ ਜਾਵੇ?

## ਹਲਕਾ ਬੱਲੂਆਣਾ ਵਿੱਚੋਂ ਲੰਘਦੇ ਰਾਮ ਆਸਰਾ ਅਤੇ ਸੁਖਚੈਨ ਮਾਈਨਰ ਨੂੰ ਮੁੜ ਉਸਾਰਨਾ

*3144. **ਸ਼੍ਰੀ ਨੱਥੂ ਰਾਮ, ਐਮ.ਐਲ.ਏ**:-ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਰਾਮ ਆਸਰਾ ਅਤੇ ਸੁਖਚੈਨ ਮਾਈਨਰ ਜੋ ਕਿ ਬੱਲੂਆਣਾ ਹਲਕੇ ਵਿੱਚੋਂ ਲੰਘਦੇ ਹਨ, ਨੂੰ ਮੁੜ ਉਸਾਰਨ ਦੀ ਕੋਈ ਤਜਵੀਜ਼ ਰੱਖਦੀ ਹੈ; ਜੇਕਰ ਹੈ ਤਾਂ ਇਸ ਦੇ ਵੇਰਵੇ ਕੀ ਹਨ?

## ਪੰਜਾਬ ਕਲੀਨਿਕਲ ਸਥਾਪਨਾ ਐਕਟ 2020 ਤੇ ਪ੍ਰਾਪਤ ਹੋਈ ਅਰਜੀ ਤੇ ਕਾਰਵਾਈ

*3033. **ਸ਼੍ਰੀ ਰਾਕੇਸ਼ ਪਾਂਡੇ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਨੂੰ ਪੰਜਾਬ ਕਲੀਨਿਕਲ ਸਥਾਪਨਾ ਐਕਟ 2020 ਲਾਗੂ ਕਰਨ ਤੇ ਭਾਰਤੀ ਮੈਡੀਕਲ ਐਸੋਸੀਏਸ਼ਨ ਪੰਜਾਬ, (ਲੁਧਿਆਣਾ ਬ੍ਰਾਂਚ) ਤੁ ਕੋਈ ਅਰਜੀ ਪ੍ਰਾਪਤ ਹੋਈ ਹੈ; ਜੇਕਰ ਹਾਂ ਤਾਂ ਇਸ ਦੇ ਵੇਰਵੇ ਕੀ ਹਨ;

ਅ) ਸਰਕਾਰ ਦੁਆਰਾ ਇਸ ਪ੍ਰਤੀਬੇਨਤੀ ਤੇ ਕੀ ਕਾਰਵਾਈ ਕੀਤੀ ਗਈ ਅਤੇ ਇਸ ਸਬੰਧ ਵਿੱਚ ਸਰਕਾਰ ਦੁਆਰਾ ਕੀ ਪ੍ਰੇਖਣ ਕੀਤੇ ਗਏ?

## ਸਰਕਾਰੀ ਸਕੂਲਾਂ ਵਿੱਚ ਮਿਡ-ਡੇ-ਮੀਲ ਵਰਕਰਜ਼ ਦੀ ਪ੍ਰਤੀ ਮਹੀਨਾ ਤਨਖਾਹ ਦੀ ਅਦਾਇਗੀ ਕਰਨਾ

*2966. **ਸ਼੍ਰੀ ਅਰੁਣ ਨਾਰੰਗ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰੀ, ਅਰਧ ਸਰਕਾਰੀ, ਪ੍ਰਾਇਮਰੀ, ਮਿਡਲ, ਹਾਈ ਅਤੇ ਹਾਇਰ ਸੈਕੰਡਰੀ ਸਕੂਲਾਂ ਵਿਚ ਕੰਮ ਕਰ ਰਹੇ ਮਿਡ ਡੇ ਮੀਲ ਵਰਕਰਜ ਦੀ ਮਹੀਨਾਂ ਮਈ, ਜੂਨ ਅਤੇ ਜੁਲਾਈ 2020 ਦੀ ਰੁਪਏ 1700/- ਅਤੇ ਅਗਸਤ 2020 ਤੋਂ ਰੁਪਏ 3000/- ਪ੍ਰਤੀ ਮਹੀਨਾ ਅਦਾਇਗੀ ਕਰਨ ਸਬੰਧੀ ਕੋਈ ਕਾਰਵਾਈ ਕੀਤੀ ਜਾ ਰਹੀ ਹੈ?

## ਜਗਰਾਓਂ ਵਿਖੇ ਇੰਡਸਟਰੀ ਲਗਾਉਣਾ

*3058. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.** :- ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਓਂ ਵਿੱਖੇ ਕੋਈ ਵੀ ਇੰਡਸਟਰੀ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਹਲਕਾ ਜਗਰਾਓਂ ਦੇ ਲੋਕਾਂ ਨੂੰ ਰੋਜ਼ਗਾਰ ਦੇਣ ਲਈ ਕਦੋਂ ਤੱਕ ਇੱਥੇ ਉਦਯੋਗ/ਇੰਡਸਟਰੀ ਸਥਾਪਿਤ ਕੀਤੀ ਜਾਵੇਗੀ?

ਪਰਤੋ ਜੀ.....

**ਲੋਕਾਂ ਦੀ ਸਹੂਲਤ ਲਈ ਆਨਲਾਈਨ ਦੇ ਨਾਲ-ਨਾਲ ਆਫਲਾਈਨ ਸਿਸਟਮ ਚਾਲੂ ਕਰਨਾ**

*3029. **ਸ਼੍ਰੀ ਰਜਿੰਦਰ ਬੇਰੀ, ਐਮ.ਐਲ.ਏ.** :- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਥਾਨਕ ਸਰਕਾਰ ਵਿਭਾਗ ਵੱਲੋਂ ਜੋ ਨਕਸ਼ੇ,ਅਣਅਧਿਕਾਰਿਤ ਕਲੋਨੀਆਂ ਅਤੇ ਉਨ੍ਹਾਂ ਵਿਚਲੇ ਪਲਾਟ ਅਤੇ ਬਣੀਆਂ ਹੋਈਆਂ ਇਮਾਰਤਾਂ ਦੇ ਰਾਜ਼ੀਨਾਮਾ ਆਦਿ ਸਭ ਕੁਝ ਸਿਰਫ ਆਨਲਾਈਨ ਕਰ ਦਿੱਤਾ ਗਿਆ ਹੈ, ਉਸ ਨਾਲ ਜੋ ਦਿੱਕਤਾਂ ਆ ਰਹੀਆਂ ਹਨ ਉਸ ਬਾਰੇ ਕੀ ਕੀਤਾ ਜਾ ਰਿਹਾ ਹੈ;

ਅ) ਆਮ ਜਨਤਾ ਜੋ ਕਿ ਕੰਪਿਊਟਰ ਅਤੇ ਆਨਲਾਈਨ ਸਿਸਟਮ ਨਾਲ ਵਾਕਿਫ ਨਹੀਂ ਹੈ (ਬਹੁਗਿਣਤੀ ਵਿੱਚ ਲੋਕ) ਉਹ ਸਿਰਫ ਕੁਝ ਕੁ ਆਰਕੀਟੈਕਟਾਂ ਉਤੇ ਹੀ ਆਸਰਿਤ ਹੋ ਗਏ ਹਨ, ਕੀ ਉਹਨਾਂ ਨੂੰ ਭ੍ਰਿਸ਼ਟਾਚਾਰ ਦਾ ਸਾਹਮਣ ਨਹੀਂ ਕਰਨਾ ਪਵੇਗਾ;

ੲ) ਅਜਿਹੇ ਬਹੁਗਿਣਤੀ ਲੋਕਾਂ ਦੀ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਅਤੇ ਹਰ ਸ਼ਹਿਰ ਦੇ ਕੁਝ ਇੱਕ ਆਰਕੀਟੈਕਟਾਂ ਉਤੇ ਡਿਪੈਂਡੈਂਸੀ ਖਤਮ ਕਰਨ ਲਈ ਕੀ ਆਨਲਾਈਨ ਦੇ ਨਾਲ-ਨਾਲ ਹੀ ਆਫਲਾਈਨ ਸਿਸਟਮ ਉੱਤੇ ਵੀ ਵਿਚਾਰ ਕੀਤਾ ਜਾ ਰਿਹਾ ਹੈ?

**ਬਲਾਚੌਰ ਸ਼ਹਿਰ ਵਿੱਚ ਨੇਚਰ ਪਾਰਕ ਦੀ ਉਸਾਰੀ**

*3182. **ਸ਼੍ਰੀ ਦਰਸ਼ਨ ਲਾਲ, ਐਮ.ਐਲ.ਏ**:-ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਾਲ 2017 ਵਿੱਚ ਸਰਕਾਰ ਵੱਲੋਂ ਬਲਾਚੌਰ ਸ਼ਹਿਰ ਲਈ ਇੱਕ ਨੇਚਰ ਪਾਰਕ ਮਨਜ਼ੂਰ ਕੀਤਾ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਨੇਚਰ ਪਾਰਕ ਦਾ ਕੰਮ ਕਦੋਂ ਤੱਕ ਸ਼ੁਰੂ ਹੋ ਕੇ ਕਦੋਂ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ?

**ਮਹਾਨ ਸਖਸ਼ੀਅਤਾਂ ਦੇ ਜੱਦੀ ਪਿੰਡਾਂ ਨੂੰ "ਇੱਕ ਕਰੋੜ ਸਕੀਮ" ਵਿਚ ਸ਼ਾਮਲ ਕਰਨਾ**

*3150. **ਸਰਦਾਰ ਲਖਵੀਰ ਸਿੰਘ,ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਪ੍ਰਸਿੱਧ ਲੇਖਿਕਾ ਸ਼੍ਰੀਮਤੀ ਦਲੀਪ ਕੌਰ ਟਿਵਾਣਾ ਅਤੇ ਭਾਰਤ ਦੇ ਪਹਿਲੇ ਸੁਤੰਤਰਤਾ ਸੈਨਾਨੀ ਸੰਤ ਮਹਾਰਾਜ ਜੀ ਦੇ ਜਨਮ ਸਥਾਨ/ਜੱਦੀ ਪਿੰਡ ਰੱਬੋਂ ਅਤੇ ਸਰਦਾਰ ਬੇਅੰਤ ਸਿੰਘ ਸਾਬਕਾ ਮੁੱਖ ਮੰਤਰੀ ਪੰਜਾਬ ਦੇ ਜੱਦੀ ਪਿੰਡ ਬਿਲਾਸਪੁਰ ਨੂੰ ਇੱਕ ਕਰੋੜ ਸਕੀਮ" ਵਿੱਚ ਸ਼ਾਮਲ ਕਰਨ ਤੇ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਕਰੋਨਾ ਟੈਸਟ ਕਰਨ ਤੋਂ ਇਕੱਠੀ ਕੀਤੀ ਰਕਮ ਦੇ ਵੇਰਵੇ**

*2939. **ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਕੋਵਿਡ-19 ਮਹਾਂਮਾਰੀ ਦੇ ਟੈਸਟ ਸੈਂਟਰ ਕਿੱਥੇ ਕਿੱਥੇ ਬਣਾਏ ਗਏ ਹਨ, ਪ੍ਰਤੀ ਟੈਸਟ ਦੀ ਕਿੰਨੀ ਫੀਸ ਵਸੂਲੀ ਜਾਂਦੀ ਹੈ ਅਤੇ ਹੁਣ ਤੱਕ ਕਰੋਨਾ ਟੈਸਟਾਂ ਤੋਂ ਸਰਕਾਰ ਨੂੰ ਕਿੰਨੀ ਰਕਮ ਪ੍ਰਾਪਤ ਹੋਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਖਾਨਪੁਰ ਨੇੜੇ ਟੋਲ ਪਲਾਜ਼ਾ ਦੇ 5 ਕਿਲੋਮੀਟਰ ਅੰਦਰ ਰਹਿੰਦੇ ਲੋਕਾਂ ਨੂੰ ਟੋਲ ਫੀਸ ਤੋਂ ਰਿਆਇਤ ਦੇਣਾ**

*3009. **ਸਰਦਾਰ ਕੰਵਰ ਸੰਧੂ, ਐਮ.ਐਲ.ਏ.**:- ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਸਰਕਾਰ ਵੱਲੋਂ ਖਰੜ (ਜ਼ਿਲਾ ਐਸ.ਏ.ਐਸ ਨਗਰ) ਤੋਂ ਵਾਇਆ ਮੋਰਿੰਡਾ ਲੁਧਿਆਣਾ ਤੱਕ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਦੁਆਰਾ ਜ਼ਿਲਾ ਐਸ.ਏ.ਐਸ ਨਗਰ ਵਿੱਚ ਖਾਨਪੁਰ ਨੇੜੇ ਸਥਾਪਿਤ ਕੀਤੇ ਟੋਲ ਪਲਾਜ਼ਾ ਦੇ 5 ਕਿਲੋਮੀਟਰ ਘੇਰੇ ਦੇ ਅੰਦਰ ਪੈਂਦੇ ਪਿੰਡਾਂ/ਖੇਤਰਾਂ ਨੂੰ ਟੋਲ ਟੈਕਸ ਵਿੱਚ ਰਿਆਇਤ ਦਿੱਤੀ ਜਾਵੇਗੀ ਕਿਉਂਕਿ ਕੁਰਾਲੀ ਨੇੜੇ ਮੁਲਾਂਪੁਰ ਗਰੀਬਦਾਸ ਸੜਕ ਉੱਪਰ ਸਥਾਪਿਤ ਕੀਤੇ ਟੋਲ ਪਲਾਜ਼ਾ ਤੇ ਉਕਤ ਰਿਆਇਤ ਦੇਣ ਦਾ ਉਪਬੰਧ ਕੀਤਾ ਗਿਆ ਹੈ;

ਅ) ਕੀ ਸਰਕਾਰ ਉਹਨਾਂ ਵਿਦਿਆਰਥੀਆਂ ਜਿਹੜੇ ਕਿ ਐਸ.ਏ.ਐਸ. ਨਗਰ/ਖਰੜ/ਕੁਰਾਲੀ ਆਦਿ ਇਲਾਕਿਆਂ ਤੋਂ ਚੰਡੀਗੜ ਯੂਨੀਵਰਸਿਟੀ, ਘੜੂੰਆਂ ਤੱਕ ਰੋਜ਼ਾਨਾ ਸਫ਼ਰ ਕਰਦੇ ਹਨ, ਨੂੰ ਟੋਲ ਫੀਸ (ਜਿਹੜੀ ਕਿ ਇੱਕ ਪਾਸੇ ਦੀ 65-/ ਰੁਪਏ ਬਹੁਤ ਜਿਆਦਾ ਹੈ) ਤੋਂ ਰਿਆਇਤ ਦੇਣ ਦਾ ਵਿਚਾਰ ਰੱਖਦੀ ਹੈ?

**ਹਲਕਾ ਸ਼ੁਤਰਾਣਾ ਵਿੱਚ ਪੈਂਦੇ ਰਜਬਾਹਿਆਂ ਨੂੰ ਅਪਗ੍ਰੇਡ/ ਨਵੇਂ ਬਣਾਉਣ ਲਈ ਬਜਟ ਦਾ ਪ੍ਰਬੰਧ ਕਰਨਾ**

*3116. **ਸਰਦਾਰ ਨਿਰਮਲ ਸਿੰਘ, ਐਮ.ਐਲ.ਏ**:-ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਸ਼ੁਤਰਾਣਾ ਵਿੱਚ ਪੈਂਦੇ ਰਜਬਾਹਿਆਂ ਨੂੰ ਕਦੋਂ ਅੱਪਗ੍ਰੇਡ ਕੀਤਾ ਗਿਆ, ਕੀ ਇਨ੍ਹਾਂ ਰਜਬਾਹਿਆਂ ਦੀ ਅਤੀ ਮਾੜੀ ਹਾਲਤ ਨੂੰ ਮੁੱਖ ਰੱਖਦਿਆਂ ਚਾਲੂ ਵਿੱਤੀ ਸਾਲ ਦੌਰਾਨ ਅਪਗ੍ਰੇਡ ਕਰਨ ਜਾਂ ਨਵੇਂ ਬਣਾਉਣ ਲਈ ਸਰਕਾਰ ਇਸ ਵਿੱਤੀ ਵਰ੍ਹੇ ਦੇ ਬਜਟ ਵਿੱਚ ਉਪਬੰਧ ਕਰੇਗੀ?

**ਮੌੜ ਹਲਕੇ ਦੇ ਸਰਕਾਰੀ ਹਸਪਤਾਲ ਨੂੰ ਸਬ-ਡਵੀਜ਼ਨ ਪੱਧਰ ਦਾ ਵਿਕਸਿਤ ਕਰਨਾ**

*3139. **ਸਰਦਾਰ ਜਗਦੇਵ ਸਿੰਘ ਕਮਾਲੂ, ਐਮ.ਐਲ.ਏ**:-ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮੌੜ ਹਲਕੇ ਨੂੰ ਸਬ ਡਵੀਜ਼ਨ ਬਣੇ ਨੂੰ ਪੰਜ ਸਾਲ ਤੋਂ ਜ਼ਿਆਦਾ ਦਾ ਸਮਾਂ ਹੋ ਚੁੱਕਾ ਹੈ ਪਰ ਹਾਲੇ ਵੀ ਉਥੋਂ ਦੇ ਸਰਕਾਰੀ ਹਸਪਤਾਲ ਨੂੰ ਸਬ ਡਵੀਜ਼ਨ ਪੱਧਰ ਦਾ ਵਿਕਸਿਤ ਨਹੀਂ ਕੀਤਾ ਗਿਆ; ਜੇਕਰ ਅਜਿਹਾ ਹੈ ਤਾਂ ਸਥਾਨਕ ਲੋਕਾਂ ਦੀ ਸਿਹਤ ਨੂੰ ਵੇਖਦੇ ਹੋਏ ਉਕਤ ਸਰਕਾਰੀ ਹਸਪਤਾਲ ਨੂੰ ਕਦੋਂ ਤੱਕ ਸਬ ਡਵੀਜ਼ਨ ਪੱਧਰ ਦਾ ਵਿਕਸਿਤ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

**ਘਨੌਰ ਵਿਖੇ ਲੜਕੀਆਂ ਦੇ ਸੀ.ਸੈ.ਸਕੂਲ ਲਈ ਫੰਡਜ਼ ਮੁਹੱਈਆ ਕਰਵਾਉਣਾ**

*3061. **ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.** :- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਘਨੌਰ ਵਿਖੇ ਲੜਕੀਆਂ ਦੇ ਸੀਨੀਅਰ ਸੈਕੰਡਰੀ ਸਕੂਲ ਲਈ ਵਿੱਤੀ ਸਾਲ ਦੌਰਾਨ ਫੰਡਜ਼ ਮੁਹੱਈਆ ਕਰਵਾਉਣ ਦਾ ਵਿਚਾਰ ਰੱਖਦੀ ਹੈ; ਜੇਕਰ ਹੈ ਤਾਂ ਕਦੋਂ ਤੱਕ?

**2017 ਤੋਂ ਬਾਅਦ KPMG/BYFOR ਦੀ ਕਾਰਗੁਜ਼ਾਰੀ ਦੇ ਵੇਰਵੇ**

*3044. **ਸ਼੍ਰੀ ਐਨ.ਕੇ.ਸ਼ਰਮਾ, ਐਮ.ਐਲ.ਏ.**:- ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2017 ਤੋਂ ਬਾਅਦ KPMG/BYFOR ਦੀ ਕਾਰਗੁਜ਼ਾਰੀ ਦੇ ਵੇਰਵੇ ਕੀ ਹਨ, ਵਿਸਥਾਰ ਨਾਲ ਦੱਸਿਆ ਜਾਵੇ?

**ਮਜ਼ਦੂਰਾਂ ਦੇ ਕੰਮ ਕਰਨ ਦੇ ਸਮੇਂ ਵਿੱਚ ਵਾਧਾ**

*3078. **ਸਰਦਾਰ ਲਖਵੀਰ ਸਿੰਘ, ਐਮ.ਐਲ.ਏ.**:- ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਨਵੇਂ ਕੇਂਦਰੀ ਕਿਰਤ ਕਾਨੂੰਨ/ਐਕਟ ਦੇ ਅਧੀਨ ਮਜ਼ਦੂਰਾਂ ਦੇ ਕੰਮ ਕਰਨ ਦੇ ਸਮੇਂ ਨੂੰ ਨੌ ਘੰਟੇ ਤੋਂ ਵਧਾ ਕੇ 12 ਘੰਟੇ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਅਜਿਹੇ ਉਪਬੰਧ ਨੂੰ ਵਾਪਸ ਲੈਣ ਲਈ ਕੇਂਦਰ ਸਰਕਾਰ ਤੱਕ ਪਹੁੰਚ ਕਰਨ ਲਈ ਵਿਚਾਰ ਕਰੇਗੀ?

ਚੰਡੀਗੜ੍ਹ
ਮਿਤੀ 02 ਮਾਰਚ, 2021

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।